BC CANCER COLON SCREENING
Provincial Health Services Authority

ਕੋਲਨ ਸਕ੍ਰੀਨਿੰਗ ਲਈ ਯਾਦ-ਦਿਹਾਨੀ

Notice Date

JANE SAMPLE
123 ANY STREET
CITY, PROVINCE, POSTAL CODE

ਪਿਆਰੀ Jane,

ਤੁਹਾਡੇ ਕੋਲਨ (ਵੱਡੀ ਆਂਤ) ਦੀ ਸਕ੍ਰੀਨਿੰਗ ਦਾ ਸਮਾਂ ਹੋ ਗਿਆ ਹੈ। ਤੁਹਾਡੀ ਆਖਰੀ ਸਕ੍ਰੀਨਿੰਗ ਇਸ ਤਰੀਕ ਨੂੰ ਸੀ: 24 September 2023। ਜੇ ਤੁਸੀਂ ਪਿਛਲੇ 3 ਮਹੀਨਿਆਂ ਵਿੱਚ ਕੋਲਨ ਸਕ੍ਰੀਨਿੰਗ, ਜਿਵੇਂ ਕਿ ਫੀਕਲ ਇਮਿਊਨੇਕੈਮੀਕਲ ਟੈਸਟ (FIT) ਜਾਂ ਕੋਲਨੋਸਕੋਪੀ ਕਰਵਾ ਚੁੱਕੇ ਹੋ, ਤਾਂ ਕਿਰਪਾ ਕਰਕੇ ਇਸ ਸੂਚਨਾ ਨੂੰ ਨਜ਼ਰਅੰਦਾਜ਼ ਕਰੋ।
ਸਕ੍ਰੀਨਿੰਗ ਜ਼ਿੰਦਗੀਆਂ ਬਚਾਉਂਦੀ ਹੈ ਕਿਉਂਕਿ ਇਹ ਕੈਂਸਰ ਨੂੰ ਸ਼ੁਰੂਆਤੀ ਪੜਾਅ ਵਿੱਚ ਲੱਭ ਸਕਦੀ ਹੈ ਜਾਂ ਇਸਨੂੰ ਸ਼ੁਰੂ ਹੋਣ ਤੋਂ ਰੋਕ ਸਕਦੀ ਹੈ, ਭਾਵੇਂ ਤੁਸੀਂ ਆਪਣੇ ਆਪ ਨੂੰ ਤੰਦਰੁਸਤ ਮਹਿਸੂਸ ਕਰ ਰਹੇ ਹੋ ਅਤੇ ਤੁਹਾਨੂੰ ਕੋਈ ਲੱਛਣ ਨਾ ਵੀ ਹੋਣ। ਇਹ ਕਰਵਾਉਣਾ ਮਹੱਤਵਪੂਰਨ ਹੈ, ਭਾਵੇਂ ਤੁਹਾਡੇ ਪਰਿਵਾਰ ਵਿੱਚ ਕੈਂਸਰ ਦਾ ਕੋਈ ਇਤਿਹਾਸ ਨਾ ਵੀ ਹੋਵੇ।

ਕੋਲਨ ਸਕ੍ਰੀਨਿੰਗ ਪ੍ਰੋਗਰਾਮ ਕੋਲ ਇਸ ਵੇਲੇ ਤੁਹਾਡੇ ਪ੍ਰਾਇਮਰੀ ਸਿਹਤ-ਸੰਭਾਲ ਪ੍ਰਦਾਨਕਰਤਾ ਦੀ ਜਾਣਕਾਰੀ ਫਾਈਲ 'ਚ ਮੌਜੂਦ ਨਹੀਂ ਹੈ। ਹੋ ਸਕਦਾ ਹੈ ਕਿ ਤੁਹਾਡੇ ਪ੍ਰਾਇਮਰੀ ਸਿਹਤ-ਸੰਭਾਲ ਪ੍ਰਦਾਨਕਰਤਾ ਕਿਸੇ ਹੋਰ ਥਾਂ ਚਲੇ ਗਏ ਹੋਣ, ਸੇਵਾਮੁਕਤ ਹੋ ਗਏ ਹੋਣ ਜਾਂ ਹੁਣ ਪ੍ਰੈਕਟਿਸ ਨਾ ਕਰ ਰਹੇ ਹੋਣ।
ਤੁਸੀਂ ਕੋਲਨ ਕੈਂਸਰ ਦੀ ਸਕ੍ਰੀਨਿੰਗ ਹੇਠ ਲਿਖੇ ਵਿਕਲਪਾਂ ਰਾਹੀਂ ਕਰਵਾ ਸਕਦੇ ਹੋ:

ਵਿਕਲਪ 1	**ਮੇਰੇ ਕੋਲ ਨਵਾਂ ਪ੍ਰਾਇਮਰੀ ਸਿਹਤ-ਸੰਭਾਲ ਪ੍ਰਦਾਨਕਰਤਾਹੈ।** ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ (**1-877-702-6566**) ਅਤੇ ਆਪਣੇ ਨਵੇਂ ਪ੍ਰਾਇਮਰੀ ਸਿਹਤ-ਸੰਭਾਲ **ਪ੍ਰਦਾਨਕਰਤਾ** ਦਾ ਨਾਮ **ਦਿਉ**, ਤਾਂ ਜੋ ਅਸੀਂ ਤੁਹਾਨੂੰ ਲੈਬ ਵਿੱਚ ਲੈ ਜਾਣ ਲਈ ਇੱਕ **FIT ਰਿਕੁਈ**ਜ਼ੀਸ਼ਨ ਭੇਜ ਸਕੀਏ।
ਵਿਕਲਪ 2	**ਮੇਰੇ ਕੋਲ ਇਸ ਵੇਲੇ ਕੋਈ ਪ੍ਰਾਇਮਰੀ ਸਿਹਤਸੰਭਾਲ ਪ੍ਰਦਾਤਾ ਨਹੀਂ ਹੈ।** ਤੁਸੀਂ ਸਕ੍ਰੀਨਿੰਗ ਲਈ **FIT ਰਿਕੁਈ**ਜ਼ੀਸ਼ਨ ਵਾਕ-ਇਨ **ਕਲਿਨਿਕ** ਜਾਂ ਵਰਚੁਅਲ ਦੇਖਭਾਲ **ਪ੍ਰਦਾਨਕਰਤਾ** ਰਾਹੀਂ ਪ੍ਰਾਪਤ ਕਰ ਸਕਦੇ ਹੋ।

ਸਕ੍ਰੀਨਿੰਗ ਨੇ ਲੋਕਾਂ ਦੀ ਕਿਵੇਂ ਮਦਦ ਕੀਤੀ ਹੈ, ਇਸ ਬਾਰੇ ਜਾਣਨ ਲਈ www.screeningstories.ca 'ਤੇ **ਜਾਉ** ਅਤੇ ਸਕ੍ਰੀਨਿੰਗ ਕਿਵੇਂ ਕੰਮ ਕਰਦੀ ਹੈ, ਇਸ ਬਾਰੇ ਹੋਰ ਜਾਣਕਾਰੀ ਲਈ www.screeningbc.ca 'ਤੇ **ਜਾਉ** । ਮੈਨੂੰ ਆਸ ਹੈ ਕਿ ਤੁਸੀਂ ਆਪਣੀ ਸਿਹਤ ਦਾ ਧਿਆਨ ਰੱਖੋਗੇ ਅਤੇ ਅੱਜ ਹੀ ਸਕ੍ਰੀਨਿੰਗ ਕਰਵਾ**ਉ**ਗੇ।

ਸੁਹਿਰਦਤਾ ਸਹਿਤ,

Dr. Jennifer Telford
Medical Director, BC Cancer Colon Screening

ਇਹ ਸਹੀ ਰਿਕੁਈਜ਼ੀਸ਼ਨ **ਨਹੀਂ** ਹੈ। ਲੈਬ ਰਿਕੁਈਜ਼ੀਸ਼ਨ ਪ੍ਰਾਪਤ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਲਈ ਕਿਰਪਾ ਕਰਕੇ ਉੱਪਰ ਦਿੱਤੇ ਵਿਕਲਪ ਵੇਖੋ।

BC Cancer Colon Screening Program
screening@bccancer.bc.ca

Clie[illegible]

SAMPLE

BC CANCER COLON SCREENING
Provincial Health Services Authority

ਕੋਲਨ ਸਕ੍ਰੀਨਿੰਗ ਲਈ ਯਾਦ-ਦਿਹਾਨੀ

ਮੈਨੂੰ ਇਹ ਪੱਤਰ ਕਿਉਂ ਮਿਲਿਆ ਹੈ?

ਸਾਡੇ ਰਿਕਾਰਡ ਦਰਸਾਉਂਦੇ ਹਨ ਕਿ ਤੁਹਾਡੀ ਕੋਲਨ ਸਕ੍ਰੀਨਿੰਗ ਦਾ ਸਮਾਂ ਹੋ ਗਿਆ ਹੈ। ਆਮ ਤੌਰ 'ਤੇ, 50 ਤੋਂ 74 ਸਾਲ ਦੀ ਉਮਰ ਦੇ ਹਰ ਵਿਅਕਤੀ ਨੂੰ ਨਿਯਮਿਤ ਰੂਪ ਵਿੱਚ ਕੋਲਨ ਕੈਂਸਰ ਦੀ ਸਕ੍ਰੀਨਿੰਗ ਕਰਵਾਉਣੀ ਚਾਹੀਦੀ ਹੈ। ਸਕ੍ਰੀਨਿੰਗ ਕੈਂਸਰ-ਪੂਰਵ ਜ਼ਖਮਾਂ (ਤੁਹਾਡੀ ਕੋਲਨ ਜਾਂ ਮਲਦੁਆਰ ਵਿੱਚ ਹੋਣ ਵਾਲੀਆਂ ਗਠਾਂ) ਨੂੰ ਕੈਂਸਰ ਬਣਨ ਤੋਂ ਪਹਿਲਾਂ ਲੱਭ ਅਤੇ ਹਟਾ ਸਕਦੀ ਹੈ। ਸਕ੍ਰੀਨਿੰਗ ਕੈਂਸਰ ਨੂੰ ਸ਼ੁਰੂਆਤੀ ਪੜਾਅ ਵਿੱਚ, ਲੱਛਣ ਪੈਦਾ ਹੋਣ ਤੋਂ ਪਹਿਲਾਂ ਲੱਭ ਸਕਦੀ ਹੈ, ਜਦੋਂ ਇਲਾਜ ਦੇ ਵਧੇਰੇ ਵਿਕਲਪ ਉਪਲਬਧ ਹੁੰਦੇ ਹਨ।

ਕਿਸ ਨੂੰ ਕੋਲਨ ਕੈਂਸਰ ਦੀ ਸਕ੍ਰੀਨਿੰਗ ਨਹੀਂ ਕਰਵਾਉਣੀ ਚਾਹੀਦੀ?

ਜੇ ਤੁਹਾਨੂੰ ਕੋਲਨ ਕੈਂਸਰ ਦੇ ਲੱਛਣ ਹਨ, ਤਾਂ ਤੁਹਾਨੂੰ ਸਕ੍ਰੀਨਿੰਗ ਨਹੀਂ ਕਰਵਾਉਣੀ ਚਾਹੀਦੀ। ਲੱਛਣਾਂ ਵਿੱਚ ਮਲ ਵਿੱਚ ਖੂਨ ਆਉਣਾ, ਪੇਟ ਦਰਦ, ਮਲ-ਤਿਆਗ ਦੀਆਂ ਆਦਤਾਂ ਵਿੱਚ ਤਬਦੀਲੀ ਜਾਂ ਬਿਨਾਂ ਕਾਰਨ ਵਜ਼ਨ ਘਟਣਾ ਸ਼ਾਮਲ ਹਨ। ਇਨ੍ਹਾਂ ਲੱਛਣਾਂ ਬਾਰੇ ਕਿਸੇ ਸਿਹਤ-ਸੰਭਾਲ ਪ੍ਰਦਾਤਾ ਨਾਲ ਚਰਚਾ ਕਰਨਾ ਮਹੱਤਵਪੂਰਨ ਹੈ।

ਤੁਸੀਂ ਮੇਰੀ ਨਿੱਜੀ ਸਿਹਤ ਅਤੇ ਸੰਪਰਕ ਜਾਣਕਾਰੀ ਕਿੱਥੋਂ ਪ੍ਰਾਪਤ ਕੀਤੀ ਹੈ?

Provincial Health Services Authority ਦੇ ਇੱਕ ਪ੍ਰੋਗਰਾਮ ਵਜੋਂ, ਅਸੀਂ ਸਰਕਾਰੀ ਸੰਸਥਾਵਾਂ ਅਤੇ ਸਿਹਤ ਪ੍ਰੋਫੈਸ਼ਨਲਾਂ ਤੋਂ ਸਬੰਧਿਤ ਨਿੱਜੀ ਸਿਹਤ ਅਤੇ ਸੰਪਰਕ ਜਾਣਕਾਰੀ ਪ੍ਰਾਪਤ ਕਰਦੇ ਹਾਂ, ਜੋ ਸਿੱਧੇ ਤੌਰ 'ਤੇ ਤੁਹਾਡੀ ਦੇਖਭਾਲ ਵਿੱਚ ਸ਼ਾਮਲ ਹਨ। ਅਸੀਂ ਇਸ ਜਾਣਕਾਰੀ ਦੀ ਵਰਤੋਂ ਇਹ ਨਿਰਧਾਰਤ ਕਰਨ ਲਈ ਕਰਦੇ ਹਾਂ ਕਿ ਤੁਹਾਨੂੰ ਕੈਂਸਰ ਸਕ੍ਰੀਨਿੰਗ ਸਬੰਧੀ ਪੱਤਰ ਕਦੋਂ ਭੇਜੇ ਜਾਣੇ ਚਾਹੀਦੇ ਹਨ ਅਤੇ ਤੁਹਾਨੂੰ ਤੁਹਾਡੇ ਸਕ੍ਰੀਨਿੰਗ ਨਤੀਜੇ ਪ੍ਰਦਾਨ ਕਰਨ ਲਈ। BC Cancer ਹਰ ਸਮੇਂ ਤੁਹਾਡੀ ਜਾਣਕਾਰੀ ਨੂੰ ਨਿੱਜੀ, ਗੁਪਤ ਅਤੇ ਸੁਰੱਖਿਅਤ ਰੱਖਣ ਲਈ ਵਚਨਬੱਧ ਹੈ।

ਅਸੀਂ ਇਸ ਜਾਣਕਾਰੀ ਦੀ ਵਰਤੋਂ ਹੇਠ ਲਿਖੇ ਉਦੇਸ਼ਾਂ ਲਈ ਕਰਦੇ ਹਾਂ:

- ਜਦੋਂ ਤੁਸੀਂ ਉਮਰ ਅਨੁਸਾਰ ਯੋਗ ਹੋਵੋ, ਤੁਹਾਨੂੰ ਸਕ੍ਰੀਨਿੰਗ ਬਾਰੇ ਵਿਚਾਰ ਕਰਨ ਲਈ ਸੱਦਾ ਦੇਣਾ;
- ਤੁਹਾਨੂੰ ਯਾਦ ਦਿਵਾਉਣਾ ਕਿ ਤੁਹਾਡੇ ਅਗਲੇ ਸਕ੍ਰੀਨਿੰਗ ਟੈਸਟ ਦਾ ਸਮਾਂ ਕਦੋਂ ਹੈ; ਅਤੇ
- ਤੁਹਾਨੂੰ ਤੁਹਾਡੇ ਸਕ੍ਰੀਨਿੰਗ ਟੈਸਟ ਦੇ ਨਤੀਜਿਆਂ ਬਾਰੇ ਜਾਣੂ ਕਰਵਾਉਣਾ, ਜਿਸ ਵਿੱਚ ਫਾਲੋ-ਅੱਪ ਜਾਣਕਾਰੀ (ਜੇ ਲੋੜੀਂਦੀ ਹੋਵੇ) ਸ਼ਾਮਲ ਹੈ।

ਭਵਿੱਖ ਵਿੱਚ ਤੁਹਾਡੇ ਨਾਲ ਕੋਲਨ ਸਕ੍ਰੀਨਿੰਗ ਸਬੰਧੀ ਫੀਡਬੈਕ ਸਰਵੇਖਣ ਪੂਰੇ ਕਰਨ ਲਈ ਸੰਪਰਕ ਕੀਤਾ ਜਾ ਸਕਦਾ ਹੈ।BC Cancer ਬ੍ਰਿਟਿਸ਼ ਕੋਲੰਬੀਆ ਦੇ ਨਿਵਾਸੀਆਂ ਲਈ ਕੈਂਸਰ ਦੇਖਭਾਲ ਦੀ ਸੂਬਾਈ ਯੋਜਨਾ ਅਤੇ ਖੇਤਰੀ ਸੇਵਾ ਪ੍ਰਦਾਨਗੀ ਦੀ ਅਗਵਾਈ ਕਰਦਾ ਹੈ। BC Cancer ਦਾ ਮੰਡੇਟ ਕੈਂਸਰ ਦੇਖਭਾਲ ਦੇ ਪੂਰੇ ਦਾਇਰੇ ਨੂੰ ਕਵਰ ਕਰਦਾ ਹੈ ਅਤੇ ਇਸ ਵਿੱਚ ਬ੍ਰਿਟਿਸ਼ ਕੋਲੰਬੀਆ ਲਈ ਵਿਵਸਥਿਤ ਕੈਂਸਰ ਸਕ੍ਰੀਨਿੰਗ ਪ੍ਰੋਗਰਾਮ ਸ਼ਾਮਲ ਹਨ। ਜੇ ਤੁਹਾਡੇ ਕੋਲ ਕੈਂਸਰ ਸਕ੍ਰੀਨਿੰਗ ਸੂਚਨਾਵਾਂ ਬਾਰੇ ਕੋਈ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ www.screeningbc.ca/notifications 'ਤੇ ਜਾਉ ।

ਮੇਰਾ ਪਤਾ ਬਦਲ ਗਿਆ ਹੈ, ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਸੀਂ ਆਪਣਾ ਪਤਾ ਬਦਲਿਆ ਹੈ, ਤਾਂ ਕਿਰਪਾ ਕਰਕੇ www.addresschange.gov.bc.ca 'ਤੇ ਜਾਉ ਤਾਂ ਜੋ ICBC ਅਤੇ Health Insurance BC ਨਾਲ ਇੱਕੋ ਸਮੇਂ ਆਪਣਾ ਪਤਾ ਅੱਪਡੇਟ ਕਰ ਸਕੋ।

ਮੈਂ ਆਪਣੇ ਸਕ੍ਰੀਨਿੰਗ ਨਤੀਜੇ ਕਿੱਥੋਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?

ਤੁਸੀਂ ਆਪਣੇ ਟੈਸਟ ਦੇ ਨਤੀਜੇ Health Gateway ਰਾਹੀਂ ਪ੍ਰਾਪਤ ਕਰ ਸਕਦੇ ਹੋ: www.healthgateway.gov.bc.ca। ਨਹੀਂ ਤਾਂ, ਤੁਸੀਂ ਆਪਣੇ ਨਤੀਜਿਆਂ ਲਈ ਆਪਣੇ ਪ੍ਰਾਇਮਰੀ ਸਿਹਤ-ਸੰਭਾਲ ਪ੍ਰਦਾਨਕਰਤਾਨਾਲ ਸੰਪਰਕ ਕਰ ਸਕਦੇ ਹੋ।

Important information, please translate.
重要信息，请翻译。
महत्वपूर्ण जानकारी, किरपा करके अनुवाद करो।
Mahalagang impormasyon, mangyaring isalin sa wikang tagalog.
Información importante; por favor, tradúzcala.
معلومات مهمة ، يرجى الترجمة.

Information importante, veuillez traduire.
重要信息，請翻譯。
Wichtige Informationen, bitte übersetzen.
중요한 정보를 번역하십시오.
Tin tức quan trọng, xin phiên dịch.
اطلاعات مهم ، لطفاً ترجمه کنید.

SAMPLE

BC CANCER COLON SCREENING
Provincial Health Services Authority

ਕੋਲਨ ਸਕ੍ਰੀਨਿੰਗ ਲਈ ਯਾਦ-ਦਿਹਾਨੀ

B.C. Cancer will collect and use your personal information for the purpose of providing screening services, including communication and follow-up, and for program evaluation purposes. This information is being collected in accordance with FIPPA s. 26(c) and (e). If you have any questions about the collection and use of your personal information, please contact screening@bccancer.bc.ca. For more information about privacy visit ScreeningBC.ca. If this information is received in error, please contact the sender immediately.

BC Cancer ਸਕ੍ਰੀਨਿੰਗ ਸੇਵਾਵਾਂ ਪ੍ਰਦਾਨ ਕਰਨ, ਜਿਸ ਵਿੱਚ ਸੰਚਾਰ ਸੰਪਰਕ ਅਤੇ ਫਾਲੋ-ਅੱਪ ਸ਼ਾਮਲ ਹਨ, ਅਤੇ ਪ੍ਰੋਗਰਾਮ ਦੇ ਮੁਲਾਂਕਣ ਲਈ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਕਰੇਗਾ ਅਤੇ ਵਰਤੇਗਾ। ਇਹ ਜਾਣਕਾਰੀ FIPPA ਧਾਰਾ 26(c) ਅਤੇ (e) ਦੇ ਅਨੁਸਾਰ ਇਕੱਠੀ ਕੀਤੀ ਜਾਂਦੀ ਹੈ। ਜੇ ਤੁਹਾਨੂੰ ਆਪਣੀ ਨਿੱਜੀ ਜਾਣਕਾਰੀ ਦੇ ਇਕੱਠੇ ਕਰਨ ਜਾਂ ਵਰਤੋਂ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ screening@bccancer.bc.ca ਨਾਲ ਸੰਪਰਕ ਕਰੋ। ਗੁਪਤਤਾ ਬਾਰੇ ਹੋਰ ਜਾਣਕਾਰੀ ਲਈ screeningbc.ca ਤੇ ਜਾਉ। ਜੇਕਰ ਤੁਹਾਨੂੰ ਇਹ ਜਾਣਕਾਰੀ ਗਲਤੀ ਨਾਲ ਪ੍ਰਾਪਤ ਹੋਈ ਤਾਂ ਕਿਰਪਾ ਕਰਕੇ ਤੁਰੰਤ ਭੇਜਣ ਵਾਲੇ ਨਾਲ ਸੰਪਰਕ ਕਰੋ।

SAMPLE